ਨਿਊਰੋਸਟਿਮੂਲਾਈਜ਼ੇਸ਼ਨ ਪ੍ਰੋਗਰਾਮ
Neurostimulation Program
805 West 12th Avenue Vancouver, B.C.
V5Z 1M9
6th Floor Willow Pavilion
604-675-2449

# ਇਲੈਕਟ੍ਰੋਕਨਵਲਸਿਵ ਇਲਾਜ

## ਹਸਪਤਾਲ ਤੋਂ ਛੁੱਟੀ ਵਕਤ ਨਿਰਦੇਸ਼

ਤੁਹਾਡੇ ਡਾਕਟਰ ਨੇ ਤੁਹਾਡੇ ਇਲਾਜ ਦੇ ਹਿੱਸੇ ਵਜੋਂ ਇਲੈਕਟ੍ਰੋਕਨਵਲਸਿਵ ਇਲਾਜ (ਈ.ਸੀ.ਟੀ.) ਦੀ ਸਿਫ਼ਾਰਿਸ਼ ਕੀਤੀ ਹੈ ਅਤੇ ਸਾਨੂੰ ਤੁਹਾਡਾ ਇਲਾਜ ਅਤੇ ਦੇਖ ਭਾਲ ਕਰਨ ਦਾ ਮੌਕਾ ਮਿਲਿਆ ਹੈ। ਸਾਡੀ ਆਊਟ ਪੇਸ਼ੈਂਟ ਸੇਵਾ ਵਿਚ ਤੁਸੀਂ ਹਰ ਇਲਾਜ ਤੋਂ ਬਾਅਦ ਘਰ ਵਾਪਸ ਜਾ ਸਕਦੇ ਹੋ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਘਰ ਵਿਚ ਸੁਰੱਖਿਅਤ ਅਤੇ ਸੁਖੀ ਰਹੋ। ਇਹ ਪੱਤਰ ਤੁਹਾਡੀ ਅਤੇ/ਜਾਂ ਤੁਹਾਡੀ ਸੇਵਾ ਸੰਭਾਲ ਕਰਨ ਵਾਲੇ ਦੀ ਮਦਦ ਕਰੇਗਾ ਕਿ ਜੇ ਤੁਸੀਂ ਇਲੈਕ੍ਰੋਕਨਵਲਸਿਵ ਇਲਾਜ ਤੋਂ ਬਾਅਦ ਠੀਕ ਮਹਿਸੂਸ ਨਹੀਂ ਕਰਦੇ ਤਾਂ ਕੀ ਕਰਨਾ ਹੈ।

ਤੁਹਾਡੇ ਤੇ ਬੇਹੋਸ਼ੀ ਦੀਆਂ ਦਵਾਈਆਂ ਅਤੇ ਇਲਾਜ ਦਾ ਅਸਰ ਹੈ। ਇਸ ਲਈ ਹਸਪਤਾਲ ਤੋਂ ਛੁੱਟੀ ਤੋਂ ਬਾਅਦ ਪਹਿਲੇ 24 ਘੰਟਿਆਂ ਦੌਰਾਨ ਤੁਹਾਡੇ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ:

- ਤੁਸੀਂ ਪੂਰੀ ਤਰ੍ਹਾਂ ਆਰਾਮ ਕਰੋ ਅਤੇ ਕੋਈ ਜ਼ਿੰਮੇਵਾਰ ਬਾਲਗ ਪਰਵਾਰਕ ਮੈਂਬਰ, ਦੋਸਤ ਜਾਂ ਦੇਖ ਭਾਲ ਕਰਨ ਵਾਲਾ ਤੁਹਾਡੇ ਕੋਲ ਰਹੇ।

- **ਹੇਠ ਲਿਖੇ ਤੋਂ ਸਿਵਾ** ਆਪਣੇ ਰੋਜ਼ਾਨਾ ਦੇ ਕੰਮ ਕਾਰ ਕਰੋ:
    - ਅਲਕੋਹਲ ਦਾ ਪਰਹੇਜ਼ ਕਰੋ
    - ਗੱਡੀ ਨਾ ਚਲਾਓ

ਤੁਹਾਨੂੰ ਕੁੱਝ ਹਲਕੇ ਜਿਹੇ ਹੋਰ ਅਸਰ ਹੋ ਸਕਦੇ ਹਨ । ਪਰ ਆਮ ਤੌਰ ਤੇ ਉਹ ਕੁੱਝ ਘੰਟਿਆਂ ਬਾਅਦ ਹਟ ਜਾਂਦੇ ਹਨ। ਪਰ ਜੇ ਹੋਣ ਵਾਲੇ ਹੋਰ ਅਸਰਾਂ ਵਿਚ ਹੇਠ ਲਿਖੇ ਸ਼ਾਮਲ ਹਨ ਤਾਂ ਸਾਡੇ ਕਲੀਨਿਕ ਦੇ ਸਟਾਫ਼ ਨੂੰ ਜਾਂ ਆਪਣੇ ਪਰਵਾਰਕ ਡਾਕਟਰ ਨਾਲ ਗੱਲ ਕਰੋ:

- ਹਲਕੀ ਸਿਰ ਦਰਦ
- ਹਲਕੀ ਸਰੀਰਕ ਦਰਦ
- ਪੇਟ ਵਿਚ ਗੜਬੜ
- ਮਾਮੂਲੀ ਜਿਹੀ ਪ੍ਰੇਸ਼ਾਨੀ ਜਾਂ ਭੁੱਲ ਜਾਣਾ

ਹੋਰ ਤਕਲੀਫ਼ਾਂ ਜੋ ਇਲੈਟ੍ਰੋਕਨਵਲਸਿਵ ਇਲਾਜ ਕਰ ਕੇ ਨਹੀਂ, ਹੋ ਸਕਦਾ ਹੈ ਕਿ ਉਨ੍ਹਾਂ ਲਈ ਤੁਹਾਨੂੰ ਜ਼ਿਆਦਾ ਜਲਦੀ ਇਲਾਜ ਦੀ ਲੋੜ ਪਵੇ। ਉਨ੍ਹਾਂ ਤਕਲੀਫ਼ਾਂ ਦੀਆਂ ਕੁੱਝ ਉਦਾਹਰਨਾਂ ਹਨ ਪਰ ਇਹ ਸਾਰੀਆਂ ਨਹੀਂ:

- ਸਾਹ ਲੈਣ ਵਿਚ ਤਕਲੀਫ਼ਾਂ
- ਛਾਤੀ ਵਿਚ ਦਰਦ
- ਮੋਢੇ ਜਾਂ ਬਾਂਹ ਵਿਚ ਦਰਦ
- ਪੇਟ ਵਿਚ ਸਖ਼ਤ ਦਰਦ
- ਬਹੁਤ ਤੇਜ਼ ਸਿਰ ਦਰਦ
- ਬੇਹੋਸ਼ ਹੋਣਾ
- ਇੱਕ ਦਮ ਕਮਜ਼ੋਰੀ ਜਾਂ ਸੁੰਨ ਹੋਣਾ
- ਇੱਕ ਦਮ ਬੋਲਣ ਜਾਂ ਗੱਲ ਸਮਝਣ ਵਿਚ ਤਕਲੀਫ਼
- ਮੂੰਹ, ਜਬਾੜ੍ਹੇ ਜਾਂ ਦੰਦਾਂ ਵਿਚ ਇੱਕ ਦਮ ਦਰਦ

ਇੱਕ ਦਮ ਤਕਲੀਫ਼ ਲਈ ਫ਼ੌਰੀ ਮਦਦ ਵਾਸਤੇ 911 ਨੂੰ ਫ਼ੋਨ ਕਰੋ ਨਜ਼ਦੀਕ ਦੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿਚ ਜਾਓ।

ਹਫ਼ਤੇ ਦੇ ਕੰਮ ਵਾਲੇ ਦਿਨਾਂ ਵਿਚ ਤੁਸੀਂ ਕਿਸੇ ਵੀ ਸੁਆਲ ਜਾਂ ਚਿੰਤਾ ਲਈ ਸਾਡੇ ਵੀ.ਜੀ.ਐੱਚ. (VGH) ਦਫ਼ਤਰ ਨੂੰ **604-675-2449 ਜਾਂ 604-675-2476** ਫ਼ੋਨ ਕਰ ਸਕਦੇ ਹੋ।